# ਰਾਜ ਵਿਦਿਅਕ ਖੋਜ ਅਤੇ ਸਿਖਲਾਈ ਪ੍ਰੀਸ਼ਦ ਪੰਜਾਬ

ਪੀ.ਐਸ.ਈ.ਬੀ. ਕੰਪਲੈਕਸ, ਵਿੱਦਿਆ ਭਵਨ, ਬਲਾਕ-ਈ, ਛੇਵੀਂ ਮੰਜਿਲ, ਫੇਜ਼-8, ਮੋਹਾਲੀ,

ਈਮੇਲ: directorscert@punjabeducation.gov.in, ਫੋਨ ਨੰ: 0172-2212221


Azadi Ka Amrit Mahotsav

ਵੱਲ

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ/ਐ.ਸਿੱ.)

ਸਮੂਹ ਡਾਇਟ ਪ੍ਰਿੰਸੀਪਲ,

ਸਮੂਹ ਬੀ.ਪੀ.ਈ.ਓ.,

ਸਮੂਹ ਸਕੂਲ ਮੁਖੀ (ਵੈੱਬਸਾਈਟ ਰਾਹੀਂ)

ਪੰਜਾਬ।

ਮੀਮੋ ਨੰ: ਈ-668408/SCERT,QP/UP/2024 79274

ਮਿਤੀ: ਐਸ.ਏ.ਐਸ. ਨਗਰ, 21-03-2024

**ਵਿਸ਼ਾ: ਮਿਸ਼ਨ ਸਮਰੱਥ:ਫੇਜ਼-2 ਨੂੰ ਸਕੂਲਾਂ ਵਿੱਚ ਸੁਚਾਰੂ ਰੂਪ ਵਿੱਚ ਚਲਾਉਣ ਲਈ ਜਰੂਰੀ ਹਦਾਇਤਾਂ ਸੰਬੰਧੀ।**

1.0. ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0. ਪੰਜਾਬ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਪੜ੍ਹਦੇ ਵਿਦਿਆਰਥੀਆਂ ਦੇ ਸਿੱਖਣ ਪੱਧਰ ਵਿੱਚ ਸੁਧਾਰ ਕਰਨ ਲਈ 2023-24 ਵਿੱਚ ਜਮਾਤ 3 ਤੋਂ 8 ਤੱਕ ਦੇ ਵਿਦਿਆਰਥੀਆਂ ਲਈ ਮਿਸ਼ਨ ਸਮਰੱਥ ਫੇਜ਼**-1** ਚਲਾਇਆ ਗਿਆ ਸੀ ਜੋ ਕਿ **TaRL (Teaching at Right Level)** ਅਧਿਆਪਨ ਪੱਧਤੀ 'ਤੇ ਅਧਾਰਿਤ ਸੀ।

3.0. ਮਿਸ਼ਨ ਸਮਰੱਥ ਫੇਜ਼-1 ਦੇ ਸਾਰਥਕ ਨਤੀਜੇ ਪ੍ਰਾਪਤ ਹੋਏ ਹਨ। ਪਰ ਅਜੇ ਵੀ ਕਈ ਵਿਦਿਆਰਥੀ ਲੋੜੀਂਦੇ ਟੀਚਿਆਂ ਨੂੰ ਹਾਸਲ ਨਹੀਂ ਕਰ ਪਾਏ। ਇਸ ਸਬੰਧ ਵਿੱਚ ਵਿਸ਼ਾ ਅਧਿਆਪਕਾਂ, ਸਟੇਟ ਰਿਸੋਰਸ ਗਰੁੱਪ ਦੇ ਮੈਂਬਰਾਂ ਅਤੇ ਸਕੂਲ ਮੁਖੀਆਂ ਤੋਂ ਪ੍ਰਾਪਤ ਫੀਡਬੈਕ ਦੇ ਅਧਾਰ ਤੇ ਮੁਢਲੀਆਂ ਕੁਸ਼ਲਤਾਵਾਂ ਦੀ ਪਰਿਪੱਕਤਾ ਨੂੰ ਸਥਾਈ ਕਰਨ ਅਤੇ ਇਹਨਾਂ ਕੁਸ਼ਲਤਾਵਾਂ ਦੇ ਉੱਚਤਰ ਪੱਧਰ ਨੂੰ ਪ੍ਰਾਪਤ ਕਰਨ ਲਈ ਪੰਜਾਬ ਦੇ ਸਾਰੇ ਸਰਕਾਰੀ ਸਕੂਲਾਂ ਵਿੱਚ ਦੂਜੀ ਤੋਂ ਅੱਠਵੀਂ ਜਮਾਤਾਂ ਦੇ ਸਾਰੇ ਵਿਦਿਆਰਥੀਆਂ ਲਈ 'ਮਿਸ਼ਨ ਸਮਰੱਥ:ਫੇਜ਼-2' **ਮਿਤੀ 01-ਅਪ੍ਰੈਲ 2024 ਤੋਂ 31-ਮਈ 2024** ਤੱਕ ਚਲਾਇਆ ਜਾਵੇਗਾ।

4.0. ਮਿਸ਼ਨ ਸਮਰੱਥ : ਫੇਜ਼-1 ਤਹਿਤ ਕੀਤੇ ਗਏ ਬੇਸਲਾਈਨ, ਮਿਡਲਾਈਨ ਅਤੇ ਅੰਤਮ ਮੁਲਾਂਕਣਾਂ ਦਾ ਗਹਿਰਾਈ ਨਾਲ ਕੀਤੇ ਗਏ ਵਿਸਲੇਸ਼ਣ ਅਤੇ ਵਿਸ਼ਾ ਅਧਿਆਪਕਾਂ ਅਤੇ ਸਕੂਲ ਮੁਖੀਆਂ ਤੋਂ ਪ੍ਰਾਪਤ ਫੀਡਬੈਕ ਦੇ ਆਧਾਰ ਤੇ ਮਿਸ਼ਨ ਸਮਰੱਥ : ਫੇਜ਼-2 ਲਈ ਪੰਜਾਬੀ, ਗਣਿਤ ਅਤੇ ਅੰਗਰੇਜ਼ੀ ਵਿਸ਼ਿਆਂ ਦੇ ਵਿਸ਼ਾ ਵਸਤੂ, ਟੀਚਿਆਂ ਅਤੇ ਪੱਧਰਾਂ ਵਿੱਚ ਹੇਠ ਲਿਖੇ ਬਦਲਾਅ ਕੀਤੇ ਗਏ ਹਨ :

4.1 ਦੂਜੀ ਜਮਾਤ ਦੀ ਸ਼ਮੂਲੀਅਤ

4.2 ਤੀਜੀ ਤੋਂ ਅੱਠਵੀਂ ਜਮਾਤਾਂ ਦੇ ਟੀਚਿਆਂ ਅਤੇ ਵਿਸ਼ਾ ਵਸਤੂ ਵਿੱਚ ਬਦਲਾਅ

4.3 ਪੰਜਾਬੀ ਅਤੇ ਗਣਿਤ ਵਿਸ਼ਿਆਂ ਵਿੱਚ ਲੈਵਲ-3 ਦੀ ਸ਼ਮੂਲੀਅਤ

**4.1 ਦੂਜੀ ਜਮਾਤ ਦੀ ਸ਼ਮੂਲੀਅਤ:** ਵਿਸ਼ਾ ਮਾਹਰ ਅਧਿਆਪਕਾਂ ਅਤੇ ਸਿੱਖਿਆਵਿਦਾਂ ਨਾਲ ਕੀਤੇ ਗਏ ਵਿਚਾਰ-ਵਟਾਂਦਰੇ ਉਪਰੰਤ ਮਿਸ਼ਨ ਸਮਰੱਥ ਫੇਜ਼-2 ਵਿੱਚ ਦੂਜੀ ਜਮਾਤ ਨੂੰ ਵੀ ਸ਼ਾਮਿਲ ਕੀਤਾ ਜਾ ਰਿਹਾ ਹੈ। ਇਸ ਦਾ ਮੰਤਵ ਦੂਜੀ ਜਮਾਤ ਦੇ ਵਿਦਿਆਰਥੀਆਂ ਨੂੰ ਉਹਨਾਂ ਦੇ ਜਮਾਤ ਦੇ ਪੱਧਰ ਦੀਆਂ ਕੁਸ਼ਲਤਾਵਾਂ ਵਿੱਚ ਪਰਿਪੱਕ ਕਰਨਾ ਹੈ। ਵਿਦਿਆਰਥੀਆਂ ਲਈ ਮਿਸ਼ਨ ਸਮਰੱਥ ਤਹਿਤ ਤਿੰਨ ਵਿਸ਼ਿਆਂ (ਪੰਜਾਬੀ, ਗਣਿਤ ਅਤੇ ਅੰਗਰੇਜ਼ੀ) ਦੀ ਇੱਕ ਸਾਂਝੀ ਬੁੱਕਲੈਟ ਤਿਆਰ ਕੀਤੀ ਗਈ ਹੈ ਅਤੇ ਇਸ ਦੇ ਨਾਲ ਹੀ ਦੂਜੀ ਜਮਾਤ ਨੂੰ ਪੜ੍ਹਾਉਣ ਵਾਲੇ ਅਧਿਆਪਕਾਂ ਲਈ ਅਧਿਆਪਕ ਮਡਿਊਲ ਵੀ ਤਿਆਰ ਕੀਤਾ ਗਿਆ ਹੈ।

**4. 2 ਤੀਜੀ ਤੋਂ ਅੱਠਵੀਂ ਜਮਾਤਾਂ ਦੇ ਟੀਚਿਆਂ ਅਤੇ ਵਿਸ਼ਾ ਵਸਤੂ ਵਿੱਚ ਬਦਲਾਅ**

i. **ਪੰਜਾਬੀ :** ਪੰਜਾਬੀ ਵਿਸ਼ੇ ਵਿੱਚ ਮਿਸ਼ਨ ਸਮਰੱਥ : ਫੇਜ਼-1 ਦਾ ਟੀਚਾ 'ਕਹਾਣੀ ਪੜ੍ਹਨਾ' ਸੀ ਪਰ ਫੇਜ਼-2 ਵਿੱਚ ਤੀਜੀ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਪੰਜਾਬੀ ਵਿੱਚ **'ਸਮਝ ਆਧਾਰਿਤ ਕਹਾਣੀ ਪੜ੍ਹਨਾ' (to read**

**story with comprehension)** ਦਾ ਟੀਚਾ ਉਲੀਕਿਆ ਗਿਆ ਹੈ। ਇਸ ਲਈ ਪੰਜਾਬੀ ਵਿਸ਼ੇ ਵਿੱਚ ਤੀਜੀ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦੇ ਸਿੱਖਣ ਪੱਧਰ ਲਈ ਤੀਜਾ ਲੈਵਲ **'ਸਮਝ ਅਧਾਰਤ ਕਹਾਣੀ'** ਜੋੜਿਆ ਗਿਆ ਹੈ। ਇਸ ਟੀਚੇ ਨੂੰ ਪ੍ਰਾਪਤ ਕਰਨ ਲਈ ਪੰਜਾਬੀ ਵਿਸ਼ੇ ਦੇ ਕੰਟੈਂਟ ਵਿੱਚ ਐਡਵਾਂਸ ਕਹਾਣੀਆਂ ਦੀ ਗਿਣਤੀ ਵਧਾਈ ਗਈ ਹੈ ਅਤੇ ਕਹਾਣੀਆਂ ਦੀ ਸਮਝ ਨੂੰ ਜਾਂਚਣ ਲਈ ਹਰੇਕ ਕਹਾਣੀ ਦੇ ਅੰਤ ਵਿੱਚ ਦਿੱਤੀ ਅਭਿਆਸ ਵਿੱਚ ਵੀ ਪ੍ਰਸ਼ਨਾਂ ਦੀ ਗਿਣਤੀ ਅਤੇ ਇਹਨਾਂ ਦੀਆਂ ਕਿਸਮਾਂ ਵਿੱਚ ਵੀ ਵਾਧਾ ਕੀਤਾ ਗਿਆ ਹੈ। ਕੁਝ ਕਹਾਣੀਆਂ ਵਿਗਿਆਨ ਅਤੇ ਸਮਾਜਿਕ ਵਿਗਿਆਨ ਵਿਸ਼ਿਆਂ ਨਾਲ ਸੰਬੰਧਿਤ ਟਾੱਪਿਕਾਂ ਤੇ ਵੀ ਸ਼ਾਮਿਲ ਕੀਤੀਆਂ ਗਈਆਂ ਹਨ ਤਾਂ ਜੋ ਵਿਦਿਆਰਥੀਆਂ ਨੂੰ ਜਮਾਤ ਨਾਲ ਸਬੰਧਤ ਵਿਸ਼ਾ ਵਸਤੂ ਨਾਲ ਵੀ ਜੋੜਿਆ ਜਾ ਸਕੇ।

ii. **ਗਣਿਤ:** ਗਣਿਤ ਵਿਸ਼ੇ ਦੇ ਪਿਛਲੇ ਸਾਲ ਦੇ ਟੀਚਿਆਂ ਦੀ ਨਿਰੰਤਰਤਾ ਵਿੱਚ ਅੱਗੇ ਵਧਦੇ ਹੋਏ ਚੌਥੀ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਮਿਸ਼ਨ ਸਮਰੱਥ: ਫੇਜ਼-2 ਵਿੱਚ **'ਚਾਰੇ ਸੰਕਿਰਿਆਵਾਂ (ਜੋੜ,ਘਟਾਓ, ਗੁਣਾ ਅਤੇ ਭਾਗ) 'ਤੇ ਆਧਾਰਿਤ ਸ਼ਾਬਦਿਕ ਸਵਾਲ '** (word problems based on four operations) ਕਰਨ ਲਈ ਸਮਰੱਥ ਕਰਨ ਦਾ ਟੀਚਾ ਉਲੀਕਿਆ ਗਿਆ ਹੈ। ਇਸ ਲਈ ਗਣਿਤ ਵਿਸ਼ੇ ਵਿੱਚ ਚੌਥੀ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਦੇ ਸਿੱਖਣ ਪੱਧਰ ਲਈ **ਤੀਜਾ ਲੈਵਲ 'ਸ਼ਾਬਦਿਕ ਸਵਾਲ (ਜੋੜ,ਘਟਾਓ, ਗੁਣਾ ਅਤੇ ਭਾਗ)'** ਜੋੜਿਆ ਗਿਆ ਹੈ।ਇਸ ਟੀਚੇ ਨੂੰ ਹਾਸਲ ਕਰਨ ਲਈ ਗਣਿਤ ਵਿਸ਼ੇ ਦੀਆਂ ਮਿਸ਼ਨ ਸਮਰੱਥ ਫੇਜ਼-2 ਲਈ ਤਿਆਰ ਕੀਤੀਆਂ ਵਰਕਸ਼ੀਟਾਂ ਵਿੱਚ ਚਾਰੇ ਸੰਕਿਰਿਆਵਾਂ 'ਤੇ ਆਧਾਰਿਤ ਸ਼ਾਬਦਿਕ ਸਵਾਲਾਂ ਦੀ ਗਿਣਤੀ ਵਿੱਚ ਵਾਧਾ ਕੀਤਾ ਗਿਆ ਹੈ। ਇਸ ਦੇ ਨਾਲ ਹੀ ਜੋ ਵਿਦਿਆਰਥੀ ਸ਼ਾਬਦਿਕ ਸਵਾਲਾਂ ਵਿੱਚ ਪਹਿਲਾਂ ਤੋਂ ਮਾਹਰਤਾ ਰੱਖਦੇ ਹਨ ਉਹਨਾਂ ਲਈ ਪ੍ਰਾਇਮਰੀ ਜਮਾਤਾਂ ਵਿੱਚ ਨਿਪੁੰਨ ਭਾਰਤ ਦੇ ਟੀਚਿਆਂ ਤੇ ਅਧਾਰਿਤ ਕੁਝ ਹੋਰ ਟਾੱਪਿਕ ਜਿਵੇਂ ਕਿ ਪੈਟਰਨਾਂ ਦੀ ਪਛਾਣ, ਰੇਖਾ ਗਣਿਤ ਦੀਆਂ ਧਾਰਨਾਵਾਂ ਆਦਿ ਸ਼ਾਮਿਲ ਕੀਤੇ ਗਏ ਹਨ। ਉਸੇ ਤਰ੍ਹਾਂ ਅਪਰ-ਪ੍ਰਾਇਮਰੀ ਜਮਾਤਾਂ ਲਈ ਭਿੰਨਾਂ ,ਸੰਪੂਰਨ ਸੰਖਿਆਵਾਂ ਅਤੇ ਦੋ ਪਸਾਰੀ ਅਕਾਰਾਂ ਦਾ ਪਰਿਮਾਪ ਅਤੇ ਖੇਤਰਫਲ ਆਦਿ ਟਾੱਪਿਕਾਂ ਨੂੰ ਸ਼ਾਮਿਲ ਕੀਤਾ ਗਿਆ ਹੈ।

iii. **ਅੰਗਰੇਜ਼ੀ**: ਅੰਗਰੇਜ਼ੀ ਵਿਸ਼ੇ ਵਿੱਚ ਮਿਸ਼ਨ ਸਮਰੱਥ : ਫੇਜ਼-1 ਦਾ ਟੀਚਾ 'ਕਹਾਣੀ ਪੜ੍ਹਨਾ' ਸੀ ਪਰ ਮਿਸ਼ਨ ਸਮਰੱਥ ਫੇਜ਼-2 ਵਿੱਚ ਤੀਜੀ ਤੋਂ ਅੱਠਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਅਗਰੇਜ਼ੀ ਵਿੱਚ **'ਸਮਝ ਆਧਾਰਿਤ ਕਹਾਣੀ ਪੜ੍ਹਨ' (Reading story with Comprehension )** ਦਾ ਟੀਚਾ ਉਲੀਕਿਆ ਗਿਆ ਹੈ। ਪਰ ਅੰਗਰੇਜ਼ੀ ਵਿਸ਼ੇ ਵਿੱਚ ਫੇਜ਼-1 ਦੇ ਨਤੀਜਿਆਂ ਸਬੰਧੀ ਅਧਿਆਪਕਾਂ ਨਾਲ ਕੀਤੇ ਗਏ ਵਿਚਾਰ ਵਟਾਂਦਰੇ ਤੋਂ ਬਾਅਦ ਇਹ ਫੈਸਲਾ ਲਿਆ ਗਿਆ ਹੈ ਕਿ ਅੰਗਰੇਜ਼ੀ ਵਿਸ਼ੇ ਦੇ ਸਿਖੱਣ ਪੱਧਰ ਵਿੱਚ ਕੋਈ ਹੋਰ ਨਵਾਂ ਲੈਵਲ ਨਹੀਂ ਜੋੜਿਆ ਜਾਵੇਗਾ। 'ਸਮਝ ਆਧਾਰਿਤ ਕਹਾਣੀ ਪੜ੍ਹਨ' ਦੇ ਟੀਚੇ ਨੂੰ ਪ੍ਰਾਪਤ ਕਰਨ ਲਈ ਅੰਗਰੇਜ਼ੀ ਵਿਸ਼ੇ ਦੇ ਕੰਟੈਂਟ ਵਿੱਚ ਕਹਾਣੀਆਂ ਦੇ ਪੱਧਰ ਨੂੰ ਐਡਵਾਂਸ ਕੀਤਾ ਗਿਆ ਹੈ ਅਤੇ ਬੈਕ ਐਕਸਰਸਾਈਜ ਨੂੰ ਹੋਰ ਵਿਸਤ੍ਰਿਤ ਕੀਤਾ ਗਿਆ ਹੈ।

iv. **ਮਿਸ਼ਨ ਸਮਰੱਥ: ਫੇਜ਼-2' ਦੇ ਟੀਚੇ** –ਮਿਸ਼ਨ ਸਮਰੱਥ: ਫੇਜ਼-2' ਦੇ ਟੀਚੇ ਹੇਠ ਲਿਖੇ ਅਨੁਸਾਰ ਨਿਰਧਾਰਿਤ ਕੀਤੇ ਗਏ ਹਨ :

| | |
|---|---|
| ਪੰਜਾਬੀ | • ਜਮਾਤ 2 ਦੇ ਸਾਰੇ ਬੱਚੇ ਸਮਝ ਅਧਾਰਿਤ ਪੈਰਾ ਪੜ੍ਹ ਸਕਣ।<br>• ਜਮਾਤ 3 ਤੋਂ 8 ਦੇ ਸਾਰੇ ਬੱਚੇ ਸਮਝ ਅਧਾਰਿਤ ਕਹਾਣੀ ਪੜ੍ਹ ਸਕਣ। |
| ਗਣਿਤ | • ਜਮਾਤ 2 ਅਤੇ 3 ਦੇ ਸਾਰੇ ਬੱਚੇ ਘਟਾਓ ਕਰ ਸਕਣ।<br>• ਜਮਾਤ 4 ਤੋਂ 8 ਦੇ ਸਾਰੇ ਬੱਚੇ ਸ਼ਾਬਦਿਕ ਸਵਾਲ (ਜੋੜ, ਘਟਾਓ, ਗੁਣਾ, ਭਾਗ) ਕਰ ਸਕਣ |
| ਅੰਗਰੇਜ਼ੀ | • ਜਮਾਤ 2 ਦੇ ਸਾਰੇ ਬੱਚੇ ਸਮਝ ਅਧਾਰਿਤ ਪੈਰਾ ਪੜ੍ਹ ਸਕਣ।<br>• ਜਮਾਤ 3 ਤੋਂ 8 ਦੇ ਸਾਰੇ ਬੱਚੇ ਸਮਝ ਅਧਾਰਿਤ ਕਹਾਣੀ ਪੜ੍ਹ ਸਕਣ। |

## 4 .3 ਪੰਜਾਬੀ ਅਤੇ ਅੰਗ੍ਰੇਜੀ ਵਿਸ਼ਿਆਂ ਵਿੱਚ ਲੈਵਲ-3 ਦੀ ਸ਼ਮੂਲੀਅਤ

ਮਿਸ਼ਨ ਸਮਰੱਥ: ਫੇਜ਼-2' ਵਿੱਚ ਜਮਾਤਾਂ ਦੂਜੀ ਤੋਂ ਅੱਠਵੀਂ ਦੇ ਵਿਦਿਆਰਥੀਆਂ ਦੇ ਸਿੱਖਣ-ਪੱਧਰਾਂ ਤੇ ਅਧਾਰਿਤ ਲੈਵਲ ਵਿਸ਼ਾ-ਵਾਰ ਹੇਠ ਦਿੱਤੀ ਸਾਰਣੀ ਵਿੱਚ ਦਰਸਾਏ ਗਏ ਹਨ:

| ਵਿਸ਼ਾ | ਲੈਵਲ-1 | ਲੈਵਲ-2 | ਲੈਵਲ-3 |
|---|---|---|---|
| ਪੰਜਾਬੀ | ਆਰੰਭਕ, ਅੱਖਰ, ਸ਼ਬਦ | ਪੈਰਾ ਅਤੇ ਕਹਾਣੀ | ਸਮਝ ਅਧਾਰਿਤ ਕਹਾਣੀ |
| ਗਣਿਤ | ਆਰੰਭਕ, ਅੰਕ ਪਹਿਚਾਣ (0-9) ਅਤੇ ਸੰਖਿਆ ਪਹਿਚਾਣ (10-99) | ਘਟਾਓ ਅਤੇ ਭਾਗ | ਸ਼ਾਬਦਿਕ ਸਵਾਲ (ਜੋੜ, ਘਟਾਓ, ਗੁਣਾ, ਭਾਗ) |
| ਅੰਗਰੇਜ਼ੀ | ਆਰੰਭਕ, ਵੱਡੇ ਅੱਖਰ, ਛੋਟੇ ਅੱਖਰ, ਸ਼ਬਦ | ਪੈਰਾ ਅਤੇ ਕਹਾਣੀ | --- |
| **ਨੋਟ : ਜਮਾਤ ਦੂਜੀ ਦੇ ਵਿਦਿਆਰਥੀਆਂ ਦੀ ਟੈਸਟਿੰਗ ਵੀ ਬਾਕੀ ਵਿਦਿਆਰਥੀਆਂ ਦੇ ਨਾਲ ਹੀ ਕੀਤੀ ਜਾਵੇ। ਜੇਕਰ ਸਕੂਲ ਵਿੱਚ ਅਧਿਆਪਕਾਂ ਦੀ ਉਪਲਬਧਤਾ ਹੈ ਤਾਂ ਜਮਾਤ ਦੂਜੀ ਨੂੰ ਵੱਖਰੇ ਤੌਰ ਤੇ ਮਿਸ਼ਨ ਸਮਰੱਥ ਦੀਆਂ ਗਤੀਵਿਧੀਆਂ ਕਰਵਾਈਆਂ ਜਾਣ। ਪਰ ਜੇਕਰ ਸਕੂਲ ਵਿੱਚ ਅਧਿਆਪਕਾਂ ਦੀ ਘਾਟ ਹੈ ਤਾਂ ਦੂਜੀ ਜਮਾਤ ਦੇ ਵਿਦਿਆਰਥੀਆ ਨੂੰ ਉਹਨਾਂ ਦੇ ਸਿੱਖਣ ਪੱਧਰ ਅਨੁਸਾਰ ਬਾਕੀ ਵਿਦਿਆਰਥੀਆਂ ਨਾਲ ਗਰੁੱਪ ਵਿੱਚ ਬਿਠਾ ਕੇ ਮਿਸ਼ਨ ਸਮਰੱਥ ਦੀਆਂ ਗਤੀਵਿਧੀਆਂ ਕਰਵਾਈਆਂ ਜਾਣ।** | | | |

5.0. **ਮਿਸ਼ਨ ਸਮਰੱਥ ਫੇਜ਼-2 ਤਹਿਤ ਕਰਵਾਈਆਂ ਜਾਣ ਵਾਲੀਆਂ ਗਤੀਵਿਧੀਆਂ** –

**5.1. ਬੱਚਿਆਂ ਦਾ ਮੁਲਾਂਕਣ** –

**5.1.1.** ਮਿਸ਼ਨ ਸਮਰੱਥ ਦੇ ਅੰਤਰਗਤ ਜਮਾਤ ਦੂਜੀ ਤੋਂ ਅੱਠਵੀ ਤੱਕ ਦੇ ਸਾਰੇ ਵਿਦਿਆਰਥੀਆਂ ਦਾ ਪੰਜਾਬੀ, ਅਗਰੇਜ਼ੀ ਅਤੇ ਗਣਿਤ ਵਿਸ਼ੇ ਦਾ ਵਿਅਕਤੀਗਤ ਪੱਧਰ ਤੇ ਮੁਲਾਂਕਣ ਤਿੰਨ ਵਾਰ ਹੇਠ ਲਿਖੇ ਅਨੁਸਾਰ ਕੀਤਾ ਜਾਵੇਗਾ:

| ਮੁਲਾਂਕਣ | ਮੁਲਾਂਕਣ ਕਰਨ ਦਾ ਅਤੇ ਕਰਨ ਉਪਰੰਤ ਈ-ਪੰਜਾਬ ਐਪ ਤੇ ਡਾਟਾ ਅਪਲੋਡ ਕਰਨ ਦਾ ਸਮਾਂ | ਵਿਸ਼ੇਸ਼ ਕਥਨ |
|---|---|---|
| **ਬੇਸ ਲਾਈਨ ਮੁਲਾਂਕਣ** | 03-04-24 ਤੋਂ 08-04-24 ਤੱਕ | ਬੇਸਲਾਈਨ ਮੁਲਾਂਕਣ ਹਰੇਕ ਵਿਦਿਆਰਥੀਆਂ ਦਾ ਕੀਤਾ ਜਾਣਾ ਹੈ। ਜਿਹੜੇ ਵਿਦਿਆਰਥੀ ਮਿਤੀ 08.04.2024 ਤੋਂ ਬਾਅਦ ਸਕੂਲ ਆਉਣ, ਉਹਨਾਂ ਦੇ ਸਕੂਲ ਆਉਣ ਤੋਂ ਤੁਰੰਤ ਬਾਅਦ ਮੁਲਾਂਕਣ ਕਰਕੇ ਨਤੀਜਾ ਅੱਪਲੋਡ ਕੀਤਾ ਜਾਵੇ। |
| **ਮਿਡ-ਲਾਈਨ ਮੁਲਾਂਕਣ** | 29-04-24 ਤੋਂ 02-05-24 ਤੱਕ | ਇਹ ਸੰਭਾਵਿਤ ਮਿਤੀਆਂ ਹਨ। |
| **ਅੰਤਮ-ਲਾਈਨ ਮੁਲਾਂਕਣ** | 29-05-24 ਤੋਂ 31-05-24 ਤੱਕ | ਇਹ ਸੰਭਾਵਿਤ ਮਿਤੀਆਂ ਹਨ। |

**5.1.2.** ਸਕੂਲ ਮੁੱਖੀ ਆਪਣੇ ਸਕੂਲ ਦੇ ਵਿਦਿਆਰਥੀਆਂ ਦੇ ਮੁਲਾਂਕਣ ਦੀ Randomly ਜਾਂਚ ਕਰਨਗੇ ਅਤੇ ਇਹ ਯਕੀਨੀ ਬਣਾਉਣਗੇ ਕਿ ਮੁਲਾਂਕਣ ਬਿਲਕੁੱਲ ਸਹੀ ਹੋਇਆ ਹੈ।

**5.1.3.** ਬੇਸਲਾਈਨ, ਮਿਡਲਾਈਨ ਅਤੇ ਅੰਤਮ ਮੁਲਾਂਕਣਾਂ ਲਈ ਨਿਰਧਾਰਿਤ ਟੂਲ ਮੁੱਖ ਦਫਤਰ ਵਲੋਂ ਤਿਆਰ ਕਰਕੇ PDF format ਵਿੱਚ ਭੇਜੇ ਜਾਣਗੇ। ਹਰੇਕ ਮੁਲਾਂਕਣ ਲਈ ਟੂਲਾਂ ਦੀ ਬਣਤਰ ਅਤੇ ਪੱਧਰ ਸਮਾਨ ਹੋਵੇਗਾ ਪਰ ਹਰ ਮੁਲਾਂਕਣ ਲਈ ਟੂਲ ਵੱਖਰਾ ਹੋਵੇਗਾ।

**5.1.4.** ਸਕੂਲ ਮੁੱਖੀ ਇਹ ਯਕੀਨੀ ਬਣਾਏਗਾ ਕਿ ਹਰੇਕ ਵਿਦਿਆਰਥੀ ਦਾ ਮੁਲਾਂਕਣ ਹੋਣ ਉਪਰੰਤ ਇਸਦਾ ਸਹੀ ਡਾਟਾ ਅਧਿਆਪਕਾਂ ਦੁਆਰਾ ਈ-ਪੰਜਾਬ ਸਟਾਫ ਲਾਗ-ਇਨ ਐਪ **(E-Punjab staff login app)** ਤੇ ਨਿਰਧਾਰਿਤ ਸਮੇਂ ਤਕ ਅਪਲੋਡ ਕੀਤਾ ਜਾਵੇ। (ਇਸ ਐਪ ਦੀ ਵਰਤੋਂ ਸਬੰਧੀ ਵਿਸਤਾਰਿਤ ਹਦਾਇਤਾਂ ਪੱਤਰ ਨਾਲ ਨੱਥੀ **'Annexure A'** ਤੇ ਹਨ)

## 5.2. ਵਿਦਿਆਰਥੀਆਂ ਦੇ ਸਿੱਖਣ-ਪੱਧਰ ਅਨੁਸਾਰ ਗਰੁੱਪਿੰਗ ਕਰਣਾ :

**5.2.1.** ਮਿਸ਼ਨ ਸਮਰੱਥ: ਫੇਜ਼-2' ਤਹਿਤ ਤੀਜੀ ਤੋਂ ਅੱਠਵੀ ਦੇ ਵਿਦਿਆਰਥੀਆਂ ਦੀ ਗਰੁਪਿੰਗ ਪੁਆਂਇਟ 4.3 ਵਿੱਚ ਦਿੱਤੀ ਸਾਰਣੀ ਅਨੁਸਾਰ ਨਿਰਧਾਰਿਤ ਲੈਵਲ ਤੇ ਕੀਤੀ ਜਾਵੇਗੀ।

**5.2.2.** ਬੇਸਲਾਈਨ ਮੁਲਾਂਕਣ ਤੋਂ ਬਾਅਦ ਬੱਚਿਆਂ ਦੇ ਸਿੱਖਣ ਪੱਧਰ ਅਨੁਸਾਰ ਗਰੁਪਿੰਗ ਕੀਤੀ ਜਾਵੇਗੀ। ਇਹ ਗਰੁਪਿੰਗ ਜਮਾਤ ਅਧਾਰਿਤ ਨਾ ਹੋਕੇ ਸਕੂਲ ਅਧਾਰਿਤ ਹੋਵੇਗੀ।

**5.2.3.** ਪੰਜਾਬੀ ਅਤੇ ਗਣਿਤ ਵਿਸ਼ਾ ਪੜ੍ਹਾਉਣ ਲਈ ਵਿਦਿਆਰਥੀਆਂ ਦੀ ਗਰੁਪਿੰਗ ਪੰਜਾਬੀ ਵਿੱਚ ਸਿੱਖਣ ਪੱਧਰ ਅਨੁਸਾਰ ਹੀ ਕੀਤੀ ਜਾਵੇ ਅਤੇ ਵਿਦਿਆਰਥੀਆਂ ਦੇ ਤਿੰਨ ਗਰੁੱਪ ਲੈਵਲ-1, ਲੈਵਲ-2 ਅਤੇ ਲੈਵਲ-3 ਬਣਾਏ ਜਾਣ ਕਿਉਂਕਿ ਆਮ ਤੌਰ ਤੇ ਇਹ ਦੇਖਣ ਵਿੱਚ ਆਉਂਦਾ ਹੈ ਕਿ ਜਿਹੜੇ ਬੱਚੇ ਪੰਜਾਬੀ ਵਿੱਚ ਲੈਵਲ 1 ਤੇ ਹਨ ਉਹੀ ਬੱਚੇ ਗਣਿਤ ਵਿਚ ਵੀ ਲੈਵਲ 1 ਤੇ ਹੁੰਦੇ ਹਨ।

**5.2.4.** ਪਰ ਅੰਗਰੇਜ਼ੀ ਵਿਸ਼ੇ ਦੀ ਕਾਰਗੁਜ਼ਾਰੀ ਨੂੰ ਦੇਖਦੇ ਹੋਏ ਅੰਗਰੇਜ਼ੀ ਪੜ੍ਹਾਉਣ ਸਮੇਂ ਗਰੁਪਿੰਗ ਅੰਗਰੇਜ਼ੀ ਦੇ ਸਿਖਣ ਪੱਧਰਾਂ ਤੇ ਅਧਾਰਿਤ ਹੋਵੇਗੀ

**5.2.5.** ਇਹ ਕੋਸ਼ਿਸ਼ ਕੀਤੀ ਜਾਵੇ ਕਿ ਕਿਸੇ ਵੀ ਗਰੁੱਪ ਵਿੱਚ ਵਿਦਿਆਰਥੀਆਂ ਦੀ ਗਿਣਤੀ 30-35 ਤੋਂ ਵੱਧ ਨਾਂ ਹੋਵੇ।

**5.2.6.** ਜੇਕਰ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਬਹੁਤ ਜਿਆਦਾ ਹੈ ਜਾਂ ਸਕੂਲ ਵਿੱਚ ਅਧਿਆਪਕਾਂ ਦੀ ਘਾਟ ਹੈ ਤਾਂ ਸਕੂਲ ਮੁੱਖੀ ਜ਼ਿਲ੍ਹਾ ਸਿੱਖਿਆ ਅਫਸਰ ਦੀ ਸਹਿਮਤੀ ਨਾਲ ਗੁਰੱਪਿੰਗ ਜਮਾਤ ਲੈਵਲ ਤੇ ਕਰ ਸਕਦੇ ਹਨ।

**5.2.7.** ਸਕੂਲ ਮੁੱਖੀ ਰੋਜ਼ਾਨਾ ਸਕੂਲ ਵਿੱਚ ਵੱਖ-2 ਗਰੁੱਪਾਂ ਵਿੱਚ ਮਿਸ਼ਨ ਸਮਰੱਥ ਅਧੀਨ ਚੱਲ ਰਹੀਆਂ ਗਤੀਵਿਧੀਆਂ ਨੂੰ ਵਾਚੇਗਾ ਅਤੇ ਅਧਿਆਪਕਾਂ ਨਾਲ ਇਸ ਸਬੰਧੀ ਗੱਲਬਾਤ ਕਰੇਗਾ ਅਤੇ ਇਹ ਸੁਨਿਸ਼ਚਿਤ ਕਰੇਗਾ ਕਿ ਮਿਸ਼ਨ ਸਮਰੱਥ ਦੀਆਂ ਗਤੀਵਿਧੀਆਂ ਠੀਕ ਅਤੇ ਸੁਚਾਰੂ ਰੂਪ ਵਿੱਚ ਚੱਲ ਰਹੀਆਂ ਹਨ।

**5.2.8.** ਲੈਵਲ ਵਾਈਜ਼ ਗਰੁਪਿੰਗ ਕਰਕੇ ਮਿਸ਼ਨ ਸਮਰੱਥ ਦੀਆਂ ਗਤੀਵਿਧੀਆਂ ਅਨੁਸਾਰ ਪੜ੍ਹਾਉਣ ਨਾਲ ਵਿਦਿਆਰਥੀਆਂ ਦਾ ਸਿੱਖਣ ਪੱਧਰ ਵਧੇਗਾ ਇਸ ਲਈ ਸਕੂਲ ਮੁੱਖੀ ਇਹ ਸੁਨਿਸ਼ਚਿਤ ਕਰਨ ਕਿ ਅਧਿਆਪਕ, ਵਿਦਿਆਰਥੀਆਂ ਦੀ ਨਿਰੰਤਰ, ਭਾਵ ਇੱਕ ਬੇਸਲਾਈਨ ਤੋਂ 15 ਦਿਨਾਂ ਬਾਅਦ ਅਤੇ ਇੱਕ ਮਿਡਲਾਈਨ ਤੋ 15 ਦਿਨਾਂ ਬਾਅਦ, ਜਾਂਚ ਕਰਦੇ ਰਹਿਣ। ਸਕੂਲ ਮੁੱਖੀ ਇਹ ਵੀ ਸੁਨਿਸ਼ਚਿਤ ਕਰਨਗੇ ਕਿ ਅਧਿਆਪਕ ਵਿਦਿਆਰਥੀ ਦੀ ਘੱਟੋ-ਘੱਟ 2-3 ਵਾਰੀ ਜਾਂਚ ਕਰਨ ਤੋਂ ਬਾਅਦ ਹੀ ਉਸ ਨੂੰ ਅਗਲੇ ਲੈਵਲ ਤੇ ਲਿਜਾਣ।

**5.2.9.** ਗਰੁਪਿੰਗ ਦੇ ਕੁਝ ਉਦਾਹਰਣ ਪੱਤਰ ਨਾਲ ਨੱਥੀ 'Annexure B' ਤੇ ਹਨ।

## 6.0. ਮਿਸ਼ਨ ਸਮਰੱਥ ਫੇਜ਼-2 ਤਹਿਤ ਸਕੂਲਾਂ ਦੀ ਸਮਾਂ ਸਾਰਣੀ:

6.1. ਮਿਸ਼ਨ ਸਮਰੱਥ ਫੇਜ਼-2 ਲਈ ਜਮਾਤ ਦੂਜੀ ਤੋਂ ਅੱਠਵੀ ਦੇ ਲਈ ਸਕੂਲ ਦੇ ਵਿੱਚ ਲੰਚ ਤੋਂ ਪਹਿਲਾਂ ਦਾ ਸਮਾਂ ਨਿਰਧਾਰਿਤ ਕੀਤਾ ਗਿਆ ਹੈ ਜੋ ਕਿ ਹੇਠ ਦਿੱਤੇ ਅਨੁਸਾਰ ਹੈ:

| **ਮਿਸ਼ਨ ਸਮਰੱਥ- ਫੇਜ਼-2 ਲਈ ਦੂਜੀ ਤੋਂ ਪੰਜਵੀਂ ਜਮਾਤਾਂ ਲਈ ਸਮਾਂ ਸਾਰਣੀ** | |
|---|---|
| **ਵਿਸ਼ਾ** | **ਸਮਾਂ** |
| **ਪੰਜਾਬੀ** | **ਰੋਜਾਨਾਂ 1 ਘੰਟਾ** |
| **ਗਣਿਤ** | **ਰੋਜਾਨਾਂ 1 ਘੰਟਾ** |
| **ਅੰਗਰੇਜ਼ੀ** | **ਰੋਜਾਨਾਂ 1 ਘੰਟਾ** |
| **ਅੱਧੀ ਛੁੱਟੀ** | |
| **ਪੰਜਾਬੀ** | **ਰੋਜਾਨਾਂ 30** ਮਿੰਟ (ਮਿਸ਼ਨ ਸਮਰੱਥ ਤਹਿਤ ਵਰਕਸ਼ੀਟਾਂ ਵਿੱਚ ਕੰਮ) |
| **ਗਣਿਤ** | **ਰੋਜਾਨਾਂ 30** ਮਿੰਟ (ਮਿਸ਼ਨ ਸਮਰੱਥ ਤਹਿਤ ਵਰਕਸ਼ੀਟਾਂ ਵਿੱਚ ਕੰਮ) |
| **ਅੰਗਰੇਜ਼ੀ** | **ਰੋਜਾਨਾਂ 30** ਮਿੰਟ (ਮਿਸ਼ਨ ਸਮਰੱਥ ਤਹਿਤ ਵਰਕਸ਼ੀਟਾਂ ਵਿੱਚ ਕੰਮ) |
| **ਨੋਟ: ਮਿਸ਼ਨ ਸਮਰੱਥ ਦੌਰਾਨ ਦੂਜੀ ਤੋਂ ਪੰਜਵੀਂ ਜਮਾਤਾਂ ਲਈ ਰੈਗੂਲਰ ਸਿਲੇਬਸ ਨਹੀਂ ਕਰਵਾਇਆ ਜਾਵੇਗਾ। ਇਹਨਾਂ ਜਮਾਤਾਂ ਦਾ ਸਿਲੇਬਸ ਜੁਲਾਈ ਤੋਂ ਸ਼ੁਰੂ ਕਰਵਾਇਆ ਜਾਵੇ।** | |

| ਮਿਸ਼ਨ ਸਮਰੱਥ- ਫੇਜ਼-2 ਤਹਿਤ ਅੱਪਰ - ਪ੍ਰਾਇਮਰੀ ਜਮਾਤਾਂ ਲਈ ਸਮਾਂ ਸਾਰਣੀ | |
|---|---|
| **ਵਿਸ਼ਾ** | **ਅੱਪਰ - ਪ੍ਰਾਇਮਰੀ** |
| **ਪੰਜਾਬੀ** | 40 **ਮਿੰਟ (ਇੱਕ ਪੀਰੀਅਡ)** |
| **ਗਣਿਤ** | 8**0 ਮਿੰਟ (ਦੋ ਪੀਰੀਅਡ)** |
| **ਅੰਗਰੇਜ਼ੀ** | **40 ਮਿੰਟ (ਇੱਕ ਪੀਰੀਅਡ)** |
| ਨੋਟ:1) ਕਿਉਂਕਿ ਜਮਾਤਾਂ 6ਵੀਂ ਤੋਂ 8ਵੀਂ ਲਈ ਅੰਗਰੇਜ਼ੀ ਵਿਸ਼ੇ ਦੇ ਹਫਤਾਵਾਰ 8 ਪੀਰੀਅਡ ਲੱਗਦੇ ਹਨ, ਇਸ ਲਈ ਬਾਕੀ ਦੇ ਦੋ ਪੀਰੀਅਡ ਪਿਛਲੇ ਚਾਰ ਪੀਰੀਅਡਾਂ ਦੀ ਸਮਾਂ ਸਾਰਣੀ ਵਿੱਚ ਦਿੱਤੇ ਜਾਣਗੇ ਪਰ ਇਹਨਾਂ ਵਿੱਚ ਵੀ ਮਿਸ਼ਨ ਸਮਰੱਥ ਦਾ ਵਿਸ਼ਾ ਵਸਤੂ ਪੜ੍ਹਾਇਆ ਜਾਵੇਗਾ।<br>2) ਗਣਿਤ ਵਿਸ਼ੇ ਦੇ ਹਫਤਾਵਾਰ 8 ਪੀਰੀਅਡ ਲੱਗਦੇ ਹਨ ਪਰ ਮਿਸ਼ਨ ਸਮਰੱਥ ਤਹਿਤ ਗਣਿਤ ਨੂੰ 12 ਪੀਰੀਅਡ ਪ੍ਰਤੀ ਹਫਤਾ ਦਿੱਤੇ ਜਾਣੇ ਹਨ। ਇਸ ਲਈ ਮਿਸ਼ਨ ਸਮਰੱਥ ਫੇਜ਼-2 ਦੋਰਾਨ ਜਮਾਤਾਂ 6 ਵੀਂ ਤੋਂ 8ਵੀਂ ਦੇ ਸਮਾਜਿਕ, ਹਿੰਦੀ, ਚੋਣਵਾਂ ਵਿਸ਼ਾ ਅਤੇ ਸਰੀਰਕ ਸਿੱਖਿਆ ਵਿਸ਼ਿਆਂ ਦਾ ਇੱਕ-ਇੱਕ ਪੀਰੀਅਡ ਪ੍ਰਤੀ ਵਿਸ਼ਾ ਘੱਟ ਕੀਤਾ ਜਾਵੇਗਾ।<br>3) ਪੰਜਵੇਂ ਤੋਂ ਅੱਠਵੇਂ ਪੀਰੀਅਡਾਂ ਦੀ ਸਮਾਂ ਸਾਰਣੀ ਬਾਕੀ ਵਿਸ਼ਿਆਂ ਲਈ ਸੈਟ ਕੀਤੀ ਜਾਵੇਗੀ ਅਤੇ ਬਾਕੀ ਵਿਸ਼ਿਆਂ ਦਾ ਸਿਲੇਬਸ ਆਮ ਵਾਂਗ ਕਰਵਾਇਆ ਜਾਵੇਗਾ।<br>4) ਪੰਜਾਬੀ, ਗਣਿਤ ਅਤੇ ਅੰਗ੍ਰੇਜੀ ਵਿਸ਼ਿਆਂ ਦਾ ਮਿਸ਼ਨ ਸਮਰੱਥ ਦੌਰਾਨ ਰੈਗੂਲਰ ਸਿਲੇਬਸ ਨਹੀਂ ਕਰਵਾਇਆ ਜਾਵੇਗਾ। | |

6.2. ਮਿਸ਼ਨ ਸਮਰੱਥ ਦੌਰਾਨ **ਸਮੂਹ ਸਰਕਾਰੀ (ਮਿਡਲ, ਹਾਈ ਅਤੇ ਸੀਨੀਅਰ ਸੈਕੰਡਰੀ) ਸਕੂਲਾਂ ਵਿੱਚ ਅੱਧੀ ਛੁੱਟੀ ਪਹਿਲੇ ਚਾਰ ਪੀਰੀਅਡਾਂ ਤੋਂ ਬਾਅਦ** ਕੀਤੀ ਜਾਵੇ।

6.3. ਸਮੂਹ ਸਕੂਲ ਮੁੱਖੀ ਆਪਣੇ ਸਕੂਲ ਵਿੱਚ ਅਪ੍ਰੈਲ ਅਤੇ ਮਈ ਦੇ ਮਹੀਨੇ ਲਈ ਵਿਸ਼ੇਸ਼ ਟਾਈਮ ਟੇਬਲ ਮਿਸ਼ਨ ਸਮਰੱਥ ਦੇ ਸ਼ੁਰੂ ਹੋਣ ਤੋਂ ਪਹਿਲਾਂ ਤਿਆਰ ਕਰਨਗੇ।

6.4. ਜੇਕਰ ਕਿਸੇ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੋਣ ਕਾਰਨ ਜਾਂ ਅਧਿਆਪਕਾਂ ਦੀ ਘਾਟ ਹੋਣ ਕਾਰਨ ਉਕਤ ਸਮਾਂ ਸਾਰਣੀ ਬਣਾਉਨ ਵਿੱਚ ਮੁਸ਼ਕਲ ਆਉਂਦੀ ਹੈ ਤਾਂ ਸਕੂਲ ਮੁਖੀ ਸਬੰਧਤ ਜ਼ਿਲ੍ਹਾ ਸਿੱਖਿਆਂ ਅਫਸਰ (ਸੈ.ਸਿ.) ਦੀ ਸਹਿਮਤੀ ਨਾਲ ਟਾਈਮ-ਟੇਬਲ ਆਪਣੇ ਅਨੁਸਾਰ ਤਿਆਰ ਕਰ ਸਕਦੇ ਹਨ।

6.5. ਸਕੂਲ ਮੁੱਖੀ ਮਿਸ਼ਨ ਸਮਰੱਥ ਦੀ ਸਿਖਲਾਈ ਪ੍ਰਾਪਤ ਅਧਿਆਪਕਾਂ ਨੂੰ ਉਪਰੋਕਤ ਯੋਜਨਾਬੰਦੀ ਅਨੁਸਾਰ ਗਰੁੱਪ/ ਜਮਾਤਾਂ/ ਵਿਸ਼ੇ ਅਲਾਟ ਕਰਨਗੇ।

7.0. **ਮਿਸ਼ਨ ਸਮਰੱਥ: ਫੇਜ਼:2 ਦੀ ਮੁਨੀਟਰਿੰਗ:** ਮਿਸ਼ਨ ਸਮਰੱਥ: ਫੇਜ਼:2 ਦੀ ਮੁਨੀਟਰਿੰਗ ਕਰਨ ਲਈ ਮੁੱਖ ਦਫਤਰ ਦੇ ਅਧਿਕਾਰੀਆਂ ਦੇ ਨਾਲ- ਨਾਲ ਜ਼ਿਲ੍ਹਾ/ ਬਲਾਕ/ ਕਲੱਸਟਰ ਲੈਵਲ ਦੇ ਅਧਿਕਾਰੀਆਂ ਵੱਲੋਂ ਵੀ ਸਕੂਲਾਂ ਨੂੰ ਵਿਜ਼ਿਟ ਕੀਤਾ ਜਾਣਾ ਹੈ, ਇਸ ਸਬੰਧ ਵਿੱਚ ਹੇਠ ਲਿਖੇ ਅਨੁਸਾਰ ਯੋਜਨਾਬੰਦੀ ਉਲੀਕੀ ਗਈ ਹੈ:

7.1. ਮੁੱਖ ਦਫਤਰ ਵਿਖੇ ਹਰ ਜ਼ਿਲ੍ਹੇ ਲਈ ਮਿਸ਼ਨ ਸਮੱਰਥ ਦਾ ਇੱਕ ਨੋਡਲ ਅਫਸਰ ਤੈਨਾਤ ਕੀਤਾ ਗਿਆ ਹੈ।

7.2. ਜ਼ਿਲ੍ਹਾ ਲੈਵਲ 'ਤੇ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿੱ/ਐ.ਸਿੱ) ਦੀ ਅਗਵਾਈ ਵਿੱਚ ਮਿਸ਼ਨ ਸਮਰੱਥ ਦੀਆਂ ਸਾਰੀਆਂ ਗਤੀਵਿਧੀਆਂ ਦਾ ਸੰਚਾਲਨ ਕੀਤਾ ਜਾਣਾ ਹੈ। ਇਸ ਲਈ ਡੀ.ਈ.ਓ. ਸਾਹਿਬਾਨ ਜ਼ਿਲ੍ਹਾ ਲੈਵਲ 'ਤੇ ਬਤੌਰ ਜ਼ਿਲ੍ਹਾ ਨੋਡਲ ਅਫਸਰ (ਮਿਸ਼ਨ ਸਮਰੱਥ) ਕੰਮ ਕਰਨਗੇ।

7.3 ਜ਼ਿਲ੍ਹਾ ਸਿੱਖਿਆ ਅਫਸਰਾਂ (ਸੈ.ਸਿੱ/ਐ.ਸਿੱ), ਡਾਇਟ ਪ੍ਰਿੰਸੀਪਲਾਂ, ਬੀ.ਐਨ.ਓ, ਬੀ.ਪੀ.ਈ.ਓ. ਅਤੇ ਸੀ.ਐਚ.ਟੀ ਦੁਆਰਾ ਮਿਸ਼ਨ ਸਮਰੱਥ: ਫੇਜ਼:2 ਦੌਰਾਨ ਪਹਿਲੇ ਅੱਧੇ ਸਮੇਂ ਦੌਰਾਨ ਸਕੂਲਾਂ ਨੂੰ ਵਿਜ਼ਿਟ ਕੀਤਾ ਜਾਣਾ ਹੈ। ਇਸ ਦੌਰਾਨ ਵੱਖ-2 ਅਧਿਕਾਰੀਆਂ/ ਟੀਮਾਂ ਵੱਲੋਂ ਕੀਤੀ ਜਾਣ ਵਾਲੀ ਮੁਨੀਟਰਿੰਗ ਸਬੰਧੀ ਹਿਦਾਇਤਾਂ ਵੱਖਰੇ ਤੌਰ ਤੇ ਜਾਰੀ ਕਰ ਦਿੱਤੀਆਂ ਜਾਣਗੀਆਂ।

8.0. **ਵੱਖ-2 ਮੁਲਾਂਕਣਾਂ ਦੀ ਸੁਤੰਤਰ ਜਾਂਚ:** ਸਹੀ ਡਾਟਾ ਕਿਸੇ ਵੀ ਮਿਸ਼ਨ ਦੀ ਸਫਲਤਾ ਦਾ ਅਧਾਰ ਹੁੰਦਾ ਹੈ। ਇਸ ਲਈ ਮਿਸ਼ਨ ਸਮਰੱਥ: ਫੇਜ਼:2 ਦੌਰਾਣ ਕੀਤੇ ਜਾਣ ਵਾਲੇ ਵੱਖ-2 ਮੁਲਾਕਣਾਂ ਦੋਰਾਣ ਬੱਚਿਆਂ ਦੇ ਸਿੱਖਣ ਪੱਧਰਾਂ ਬਾਰੇ ਸਕੂਲਾਂ ਵੱਲੋਂ ਐਪ 'ਤੇ ਅਪਲੋਡ ਕੀਤੇ ਗਏ ਡਾਟੇ ਦੀ Accuracy ਯਕੀਨੀ ਬਣਾਉਣ ਲਈ, ਸੁਤੰਤਰ ਤੌਰ 'ਤੇ ਇਹਨਾਂ ਮੁਲਾਂਕਣਾਂ ਜਾਂਚ ਕੀਤੀ ਜਾਵੇਗੀ। ਸੁਤੰਤਰ ਜਾਂਚ ਦੌਰਾਣ ਜੇਕਰ ਕਿਸੇ ਸਕੂਲ ਵੱਲੋਂ ਉਪਲਬਧ ਕਰਵਾਏ ਗਏ ਅੰਕੜਿਆਂ ਅਤੇ ਜਾਂਚ ਵਿੱਚ ਪ੍ਰਾਪਤ ਅੰਕੜਿਆਂ ਵਿੱਚ 5% ਤੋਂ ਵੱਧ ਅੰਤਰ ਪਾਇਆ ਜਾਂਦਾ ਹੈ ਤਾਂ ਉੱਚ- ਅਧਿਕਾਰੀਆਂ ਵੱਲੋਂ ਸਕੂਲ ਮੁਖੀ ਅਤੇ ਸਬੰਧਤ ਅਧਿਆਪਕ ‘ਤੇ ਗੰਭੀਰ ਨੋਟਿਸ ਲਿਆ ਜਾਵੇਗਾ। ਇਸ ਲਈ ਸਮੂਹ ਸਕੂਲ ਮੁੱਖੀ ਸੁਨਿਸ਼ਚਿਤ ਕਰਨ ਕਿ ਅਧਿਆਪਕ ਸਹੀ ਅਤੇ ਨਿਰਪੱਖ ਡਾਟਾ ਹੀ ਅਪਲੋਡ ਕਰਣ।

**9.0.** ਜਮਾਤਾਂ ਦੂਜੀ ਤੋਂ ਅੱਠਵੀਂ ਲਈ ਜੁਲਾਈ 2024 ਵਿੱਚ ਵਿਸ਼ਿਆਂ ਪੰਜਾਬੀ , ਗਣਿਤ ਅਤੇ ਅੰਗਰੇਜ਼ੀ ਦੇ ਹੋਣ ਵਾਲੇ Bi-Monthly Test ਵਿੱਚ ਪੁਛੇ ਜਾਣ ਵਾਲੇ ਪ੍ਰਸ਼ਨ ਮਿਸ਼ਨ ਸਮਰੱਥ ਤਹਿਤ ਪੜ੍ਹਾਏ ਗਏ ਕੰਟੈਂਟ ਵਿੱਚੋਂ ਹੀ ਲਏ ਜਾਣਗੇ।

**10.0.** ਈ-ਪੰਜਾਬ ਪੋਰਟਲ ਤੇ ਪਹਿਲੀ ਤੋਂ ਸੱਤਵੀਂ ਜਮਾਤਾਂ ਦੇ ਵਿਦਿਆਰਥੀਆਂ ਦਾ ਡਾਟਾ ਮਿਤੀ 02-04-2024 ਤੱਕ ਅਗਲੀ ਜਮਾਤ ਵਿੱਚ ਟ੍ਰਾਂਸਫਰ ਕਰਵਾਉਣਾ ਯਕੀਨੀ ਬਣਾਇਆ ਜਾਵੇ ਤਾਂ ਜੋ ਮਿਤੀ 03-04-2024 ਤੋਂ ਮਿਸ਼ਨ ਸਮਰੱਥ ਤਹਿਤ ਸ਼ੁਰੂ ਹੋਣ ਵਾਲੀ ਬੇਸਲਾਈਨ ਟੈਸਟਿੰਗ ਸੁਚਾਰੂ ਰੂਪ ਵਿੱਚ ਮੁਕੰਮਲ ਕਰਵਾਈ ਜਾ ਸਕੇ।

**11.0.** ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ।

**(ਅਮਨਿੰਦਰ ਕੌਰ, ਪੀ.ਸੀ.ਐਸ.)**
**ਡਾਇਰੈਕਟਰ,ਐਸ.ਸੀ.ਈ.ਆਰ.ਟੀ.,**
**ਪੰਜਾਬ।**

**ਪਿੰਠ ਅੰਕਣ ਨੰਬਰ: ਉਕਤ** **ਮਿਤੀ: 21-03-2024**

**ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿਤ ਭੇਜਿਆ ਜਾਂਦਾ ਹੈ:**

1. ਨਿ.ਸ./ ਸਕੱਤਰ ਸਕੂਲ ਸਿੱਖਿਆ, ਪੰਜਾਬ
2. ਨਿ.ਸ./ਵਿਸ਼ੇਸ਼ ਸਕੱਤਰ ਸਕੂਲ ਸਿੱਖਿਆ (ਗ), ਪੰਜਾਬ
3. ਨਿ.ਸ./ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ
4. ਨਿ.ਸ./ਡਾਇਰੈਕਟਰ ਸਕੂਲ ਸਿੱਖਿਆ (ਸੈਕੰਡਰੀ), ਪੰਜਾਬ
5. ਨਿ.ਸ./ਡਾਇਰੈਕਟਰ ਸਕੂਲ ਸਿੱਖਿਆ (ਐਲੀਮੈਂਟਰੀ), ਪੰਜਾਬ
6. DM (MIS) –ਵੈੱਬਸਾਈਟ ਤੇ ਅਪਲੋਡ ਕਰਨ ਲਈ

**(ਅਮਨਿੰਦਰ ਕੌਰ, ਪੀ.ਸੀ.ਐਸ.)**
**ਡਾਇਰੈਕਟਰ, ਐਸ.ਸੀ.ਈ.ਆਰ.ਟੀ.,**
**ਪੰਜਾਬ।**

## Annexure-A

## Instruction Regarding e-Punjab Staff Login App.

**1.0** ਈ-ਪੰਜਾਬ ਸਟਾਫ ਲਾਗਇਨ ਐਪ ਵਿੱਚ "ਸਮਰੱਥ" Title ਵਾਲਾ ਇੱਕ ਲਿੰਕ ਹੈ ਜਿਸ ਵਿੱਚ ਅਧਿਆਪਕ ਹਰੇਕ ਵਿਦਿਆਰਥੀ ਦੇ ਸਿੱਖਣ ਪੱਧਰ ਨੂੰ ਅਪਲੋਡ ਕਰ ਸਕਦੇ ਹਨ। ਈ-ਪੰਜਾਬ ਸਟਾਫ ਲਾਗਇਨ ਐਪ ਨੂੰ ਪਲੇਅ ਸਟੋਰ ਅਤੇ ਐਪ ਸਟੋਰ ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।

**2.0** ਵਿਦਿਆਰਥੀਆਂ ਦੇ ਸਿੱਖਣ ਦੇ ਪੱਧਰ ਨੂੰ ਅਪਲੋਡ ਕਰਨ ਲਈ, ਹੇਠਾਂ ਦਿੱਤੇ ਕਦਮਾਂ ਦੀ ਪਾਲਣਾ ਕਰੋ:

- ਈ-ਪੰਜਾਬ ਸਟਾਫ ਲਾਗ-ਇਨ ਐਪ ਖੋਲ੍ਹੋ
- ਹੋਮ ਪੇਜ 'ਤੇ 'SAMRATH' ਬਟਨ 'ਤੇ ਕਲਿੱਕ ਕਰੋ
- 'Assessment' ਬਟਨ ਤੇ ਕਲਿੱਕ ਕਰੋ
- 'Start' ਬਟਨ ਤੇ ਕਲਿੱਕ ਕਰੋ
- ਪ੍ਰਾਇਮਰੀ ਜਮਾਤਾਂ ਲਈ ਕਲਾਸ ਅਤੇ ਸੈਕਸ਼ਨ ਚੁਣੋ। ਵਿਦਿਆਰਥੀਆਂ ਦੇ ਨਾਮ ਦਿਖਾਈ ਦੇਣਗੇ
- ਅੱਪਰ- ਪ੍ਰਾਇਮਰੀ ਜਮਾਤਾਂ ਲਈ ਕਲਾਸ ਅਤੇ ਸੈਕਸ਼ਨ ਚੁਣਕੇ ਵਿਸ਼ਾ ਚੁਣੋ। ਵਿਦਿਆਰਥੀਆਂ ਦੇ ਨਾਮ ਦਿਖਾਈ ਦੇਣਗੇ
- ਵਿਦਿਆਰਥੀ ਦੇ ਸਿੱਖਣ ਦੇ ਪੱਧਰ ਨੂੰ ਅਪਲੋਡ ਕਰਨ ਲਈ 'Start' ਬਟਨ ਤੇ ਕਲਿੱਕ ਕਰੋ
- ਸਬਮਿਟ ਦਬਾਓ ਅਤੇ ਅਗਲੇ ਵਿਦਿਆਰਥੀ 'ਤੇ ਜਾਓ।

**3.0** ਕਿਰਪਾ ਕਰਕੇ ਨਵੀਆਂ ਵਿਸ਼ੇਸ਼ਤਾਵਾਂ ਲਈ ਐਪ ਨੂੰ ਅੱਪਡੇਟ ਰੱਖੋ।

## Annexure-B

ਉਦਾਹਰਨ-1: ਕਿਸੇ ਸਕੂਲ ਵਿੱਚ ਛੇਵੀਂ ਤੋ ਅੱਠਵੀਂ (ਜਾਂ ਤੀਜੀ ਤੋਂ ਪੰਜਵੀਂ) ਜਮਾਤ ਵਿੱਚ ਕੁੱਲ 80 ਬੱਚੇ ਹਨ।

ਇਸ ਸਕੂਲ ਵਿੱਚ ਪੰਜਾਬੀ ਵਿੱਚ ਬੱਚਿਆਂ ਦਾ ਪੱਧਰ ਹੇਠ ਲਿਖੇ ਅਨੁਸਾਰ ਹੈ:

| ਲੈਵਲ-1 | | | ਲੈਵਲ-2 | | ਲੈਵਲ-3 |
|---|---|---|---|---|---|
| ਆਰੰਭਕ | ਅੱਖਰ ਪੱਧਰ | ਸ਼ਬਦ ਪੱਧਰ | ਪੈਰਾ | ਕਹਾਣੀ | ਸਮਝ ਅਧਾਰਿਤ ਕਹਾਣੀ |
| 8 | 11 | 14 | 15 | 20 | 12 |

ਇਸੇ ਸਕੂਲ ਵਿੱਚ ਅੰਗਰੇਜ਼ੀ ਵਿੱਚ ਬੱਚਿਆਂ ਦਾ ਪੱਥਰ ਹੇਠ ਲਿਖੇ ਅਨੁਸਾਰ ਹੈ:

| ਲੈਵਲ-1 | | | | ਲੈਵਲ-2 | |
|---|---|---|---|---|---|
| ਆਰੰਭਕ | ਵੱਡੇ ਅੱਖਰ | ਛੋਟੇ ਅੱਖਰ | ਸ਼ਬਦ | ਵਾਕ / ਪੈਰਾ | ਕਹਾਣੀ |
| 10 | 6 | 10 | 19 | 18 | 17 |

ਸਕੂਲ ਮੁੱਖੀ ਦੁਆਰਾ ਆਪਣੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਹੇਠ ਦਿੱਤੇ ਮੁਤਾਬਿਕ ਗਰੁੱਪਿੰਗ ਕੀਤੀ ਜਾ ਸਕਦੀ ਹੈ:

ਪੰਜਾਬੀ ਅਤੇ ਗਣਿਤ ਲਈ ਗਰੁਪਿੰਗ ਦਾ ਉਦਾਹਰਨ-1

(ਲੈਵਲ 1)
ਗਰੁੱਪ– 1
→ ਅਰੰਭਕ ਪੱਧਰ(8) +
ਅੱਖਰ ਪੱਧਰ(11)+
ਸ਼ਬਦ ਪੱਧਰ(14)= 33

(ਲੈਵਲ 2)
ਗਰੁੱਪ – 2
→ ਪੈਰਾ ਪੱਧਰ (15) +
ਕਹਾਣੀ ਪੱਧਰ (20) = 35

(ਲੈਵਲ 3)
ਗਰੁੱਪ – 3
→ ਸਮਝ ਅਧਾਰਿਤ ਕਹਾਣੀ = 12

ਸਕੂਲ ਮੁੱਖੀ ਦੁਆਰਾ ਆਪਣੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੀ ਗਿਣਤੀ ਅਨੁਸਾਰ ਅੰਗਰੇਜ਼ੀ ਵਿਸ਼ੇ ਦੇ ਹੇਠ ਦਿੱਤੇ ਮੁਤਾਬਿਕ ਗਰੁੱਪਿੰਗ ਕੀਤੀ ਜਾ ਸਕਦੀ ਹੈ:

(ਲੈਵਲ 1)
ਗਰੁੱਪ– 1
→ **ਸਬ-ਗਰੁੱਪ– 1**
ਆਰੰਭਕ(10) + ਵੱਡੇ
ਅੱਖਰ(6) =16 ਬੱਚੇ
→ **ਸਬ-ਗਰੁੱਪ– 2**
ਛੋਟੇ ਅੱਖਰ(10) +
ਸ਼ਬਦ(19) = 29 ਬੱਚੇ

(ਲੈਵਲ 2)
ਗਰੁੱਪ – 2
→ ਪੈਰਾ (18) +
ਕਹਾਣੀ (17) = 35

ਉਦਾਹਰਨ-2: ਮੁਲਾਂਕਣ ਦੌਰਾਣ ਜੇ ਕਿਸੇ ਸਕੂਲ ਵਿੱਚ ਵੱਖ-ਵੱਖ ਵਿਸ਼ਿਆਂ ਦੇ ਪੱਧਰਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਹੇਠ ਲਿਖੇ ਅਨੁਸਾਰ ਹੋਵੇ ਤਾਂ ਗਰੁਪਿੰਗ ਦੀ ਸੁਝਾਵਿਤ ਵਿਧੀ ਅੱਗੇ ਦਿੱਤੇ ਅਨੁਸਾਰ ਹੋ ਸਕਦੀ ਹੈ:

| | | | | | | |
|---|---|---|---|---|---|---|
| ਪੰਜਾਬੀ | ਲੈਵਲ-1 | 23 | ਲੈਵਲ -2 | 70 | ਲੈਵਲ -3 | 20 |
| ਗਣਿਤ | ਲੈਵਲ-1 | 25 | ਲੈਵਲ -2 | 65 | ਲੈਵਲ -3 | 23 |
| ਅੰਗ੍ਰੇਜੀ | ਲੈਵਲ-1 | 45 | ਲੈਵਲ -2 | 68 | | |

ਸਿਰਫ ਉਕਤ ਸੂਚਨਾ ਨਾਲ ਗਰੁਪਿੰਗ ਕਰਨਾ ਸੰਭਵ ਨਹੀਂ ਹੈ।

ਇਸ ਲਈ ਸਕੂਲ ਮੁਖੀ ਕੋਲ ਹੇਠ ਲਿਖੇ ਅਨੁਸਾਰ ਸੂਚਨਾ ਹੋਣੀ ਜਰੂਰੀ ਹੈ:

| ਪੰਜਾਬੀ | | | | | |
|---|---|---|---|---|---|
| ਲੈਵਲ - 1 | | | ਲੈਵਲ - 2 | | ਲੈਵਲ - 3 |
| ਆਰੰਭਕ | ਅੱਖਰ ਪੱਧਰ | ਸ਼ਬਦ ਪੱਧਰ | ਪੈਰਾ | ਕਹਾਣੀ | ਸਮਝ ਅਧਾਰਿਤ ਕਹਾਣੀ |
| 5 | 8 | 10 | 26 | 44 | 20 |

| ਗਣਿਤ | | | | | |
|---|---|---|---|---|---|
| ਲੈਵਲ - 1 | | | ਲੈਵਲ - 2 | | ਲੈਵਲ - 3 |
| ਆਰੰਭਕ | ਅੰਕ ਪਹਿਚਾਣ | ਸੰਖਿਆ ਪਹਿਚਾਣ | ਘਟਾਓ | ਭਾਗ | ਸ਼ਾਬਦਿਕ ਸਵਾਲ |
| 4 | 6 | 15 | 27 | 38 | 23 |

| ਅੰਗਰੇਜ਼ੀ | | | | | |
|---|---|---|---|---|---|
| ਲੈਵਲ - 1 | | | | ਲੈਵਲ - 2 | |
| ਆਰੰਭਕ | ਵੱਡੇ ਅੱਖਰ | ਛੋਟੇ ਅੱਖਰ | ਸ਼ਬਦ | ਪੈਰਾ | ਕਹਾਣੀ |
| 5 | 6 | 10 | 24 | 37 | 31 |

ਇਸ ਕੇਸ ਵਿੱਚ ਪੰਜਾਬੀ ਅਤੇ ਗਣਿਤ ਵਿਸ਼ੇ ਲਈ ਪੰਜਾਬੀ ਦੇ ਸਿੱਖਣ ਪੱਧਰਾਂ ਅਨੁਸਾਰ ਹੇਠ ਲਿਖੇ ਅਨੁਸਾਰ ਚਾਰ ਗਰੁੱਪ ਬਣਾਏ ਜਾ ਸਕਦੇ ਹਨ:

(ਲੈਵਲ 1) ਗਰੁੱਪ– 1 → 23 ਬੱਚੇ

(ਲੈਵਲ 2) ਗਰੁੱਪ – 2 → ਪੈਰਾ: 26 ਬੱਚੇ

(ਲੈਵਲ 2) ਗਰੁੱਪ– 3 → ਕਹਾਣੀ: 33 ਬੱਚੇ

(ਲੈਵਲ 3) ਗਰੁੱਪ – 4 → **ਕਹਾਣੀ(11)+ ਸਮਝ ਅਧਾਰਿਤ ਕਹਾਣੀ(22) = 33 ਬੱਚੇ**

ਇਸੇ ਤਰ੍ਹਾਂ ਅੰਗਰੇਜ਼ੀ ਦੇ ਢੁੱਕਵੇਂ ਸਿਖਣ ਪੱਧਰਾਂ ਨੂੰ ਜੋੜ ਕੇ ਚਾਰ ਗਰੁੱਪ ਬਣਾਏ ਜਾ ਸਕਦੇ ਹਨ।

(ਲੈਵਲ 1) ਗਰੁੱਪ– 1 → ਆਰੰਭਕ+ਵੱਡੇ ਅੱਖਰ+ ਛੋਟੇ ਅੱਖਰ= 21 ਬੱਚੇ

(ਲੈਵਲ 1) ਗਰੁੱਪ – 2 → ਸ਼ਬਦ: 24 ਬੱਚੇ

(ਲੈਵਲ 2) ਗਰੁੱਪ– 3 → ਪੈਰਾ: 37 ਬੱਚੇ

(ਲੈਵਲ 2) ਗਰੁੱਪ – 4 → **ਕਹਾਣੀ = 31 ਬੱਚੇ**